# ਅਮਰੀਕੀ ਹਮਲੇ ਤੋਂ ਛੇ ਸਾਲਾਂ ਬਾਅਦ ਅਫਗਾਨਿਸਤਾਨ

**ਸੁਖਵੰਤ ਹੁੰਦਲ**

(ਪਹਿਲੀ ਵਾਰ ਇਹ ਆਰਟੀਕਲ "ਵਤਨ" ਦੇ ਸਤੰਬਰ/ਅਕਤੂਬਰ 2007 ਦੇ ਅੰਕ ਵਿੱਚ ਛੱਪਿਆ ਸੀ।)

ਸਤੰਬਰ 2001 ਵਿੱਚ ਦਹਿਸ਼ਤਵਾਦੀਆਂ ਵਲੋਂ ਨਿਊਯਾਰਕ ਦੀਆਂ ਦੋ ਇਮਾਰਤਾਂ 'ਤੇ ਕੀਤੇ ਹਮਲਿਆਂ ਦੇ ਜੁਆਬ ਵਿੱਚ ਅਮਰੀਕਾ ਨੇ 7 ਅਕਤੂਬਰ 2001 ਨੂੰ ਅਫਗਾਨਿਸਤਾਨ 'ਤੇ ਹਮਲਾ ਕੀਤਾ ਸੀ। ਸ਼ੁਰੂ ਵਿੱਚ ਇਸ ਹਮਲੇ ਦਾ ਮਕਸਦ ਨਿਊਯਾਰਕ 'ਤੇ ਕੀਤੇ ਹਮਲਿਆਂ ਲਈ ਜ਼ਿੰਮੇਵਾਰ ਦਹਿਸ਼ਤਗਰਦਾਂ ਨੂੰ ਖਤਮ ਕਰਨਾ ਸੀ। ਬਾਅਦ ਵਿੱਚ ਇਸ ਹਮਲੇ ਦਾ ਮਕਸਦ ਅਫਗਾਨਿਸਤਾਨ ਦੇ ਤਾਲਿਬਾਨ ਹੁਕਮਰਾਨਾਂ ਨੂੰ ਤਾਕਤ ਤੋਂ ਲਾਹ ਕੇ (ਕਿਉਂਕਿ ਅਮਰੀਕਾ ਦੇ ਕਹਿਣ ਮੁਤਾਬਕ, ਉਹਨਾਂ ਨੇ ਅਫਗਾਨਿਸਤਾਨ ਵਿੱਚ ਕੇਂਦਰ ਸਥਾਪਤ ਕਰਕੇ ਬੈਠੇ ਅਲ-ਕਾਇਦਾ ਦੇ ਨੇਤਾਵਾਂ ਨੂੰ ਅਮਰੀਕਾ ਦੇ ਹਵਾਲੇ ਕਰਨਾ ਨਹੀਂ ਸੀ ਮੰਨਿਆ) ਉੱਥੇ ਲੋਕਤੰਤਰੀ ਸਰਕਾਰ ਕਾਇਮ ਕਰਨਾ ਅਤੇ ਬਰਾਬਰੀ ਅਤੇ ਇਨਸਾਫ 'ਤੇ ਆਧਾਰਿਤ ਨਿਜਾਮ ਸਥਾਪਤ ਕਰਨਾ ਬਣ ਗਿਆ ਤਾਂ ਕਿ ਅਫਗਾਨਿਸਤਾਨ ਦੇ ਲੋਕਾਂ ਨੂੰ ਤਾਲਿਬਾਨ-ਨਿਜਾਮ ਦੇ ਜ਼ੁਲਮਾਂ ਤੋਂ ਨਿਜਾਤ ਦਿਵਾਈ ਜਾ ਸਕੇ। ਉਸ ਤੋਂ ਬਾਅਦ ਇਸ ਹਮਲੇ ਦੇ ਮਕਸਦ ਵਿੱਚ ਹੋਰ ਕਈ ਉਦੇਸ਼ ਵੀ ਜੁੜਦੇ ਗਏ ਜਿਹਨਾਂ ਵਿੱਚ ਅਫਗਾਨਿਸਤਾਨੀ ਔਰਤਾਂ ਨੂੰ ਅਫਗਾਨਿਸਤਾਨ ਵਿੱਚ ਬਰਾਬਰੀ ਦੀ ਥਾਂ ਦਿਵਾਉਣਾ, ਅਫਗਾਨਿਸਤਾਨ ਵਿੱਚ ਵਿਕਾਸ ਦੇ ਕਾਰਜ ਸ਼ੁਰੂ ਕਰਨਾ ਤਾਂ ਕਿ ਲੋਕਾਂ ਵਿੱਚ ਅਲਕਾਇਦਾ ਅਤੇ ਤਾਲਿਬਾਨ ਦਾ ਸਮੱਰਥਨ ਪੈਦਾ ਕਰਨ ਦਾ ਆਧਾਰ ਬਣਨ ਵਾਲੀਆਂ ਮੁਢਲੀਆਂ ਹਾਲਤਾਂ ਨੂੰ ਬਦਲਿਆ ਜਾ ਸਕੇ, ਵਰਗੇ ਉਦੇਸ਼ ਵੀ ਸ਼ਾਮਲ ਹੁੰਦੇ ਗਏ। ਇਸ ਦੇ ਨਾਲ ਹੀ ਹਮਲੇ ਤੋਂ ਬਾਅਦ ਛੇਤੀਂ ਹੀ ਅਫਗਾਨਿਸਤਾਨ ਵਿੱਚ ਅਮਰੀਕਾ ਦੀ ਇਹ ਮੁਹਿੰਮ ਇਕੱਲੇ ਅਮਰੀਕਾ ਦੀ ਮੁਹਿੰਮ ਨਾ ਰਹੀ ਸਗੋਂ ਇਸ ਮੁਹਿੰਮ ਵਿੱਚ ਪੱਛਮ ਦੇ ਹੋਰ ਦੇਸ਼ ਵੀ ਅਮਰੀਕਾ ਦੇ ਮਿੱਤਰ ਦੇਸ਼ਾਂ ਦੇ ਤੌਰ 'ਤੇ ਸ਼ਾਮਲ ਹੋ ਗਏ ਅਤੇ ਨਤੀਜੇ ਵਜੋਂ ਅਫਗਾਨਿਸਤਾਨ ਦੀ ਇਹ ਮੁਹਿੰਮ ਅਮਰੀਕਾ ਦੀ ਅਗਵਾਈ ਹੇਠ ਚਲਦੀ ਪੱਛਮੀ ਦੇਸ਼ਾਂ ਦੀ ਮੁਹਿੰਮ ਬਣ ਗਈ। ਇਸ ਲੇਖ ਦਾ ਮਕਸਦ ਅਫਗਾਨਿਸਤਾਨ 'ਤੇ ਕੀਤੇ ਅਮਰੀਕੀ ਹਮਲੇ ਤੋਂ ਛੇ ਸਾਲਾਂ ਬਾਅਦ ਇਹ ਦੇਖਣਾ ਹੈ ਕਿ ਕੀ ਅਮਰੀਕਾ ਅਫਗਾਨਿਸਤਾਨ ਵਿੱਚ ਆਪਣੇ ਐਲਾਨੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੋਇਆ ਹੈ? ਕੀ ਅਮਰੀਕਾ ਅਫਗਾਨਿਸਤਾਨ ਵਿੱਚ ਦਹਿਸ਼ਤਵਾਦੀਆਂ ਨੂੰ ਖਤਮ ਕਰਨ ਵਿੱਚ ਕਾਮਯਾਬ ਹੋਇਆ ਹੈ ਜਾਂ ਇਸ ਮਕਸਦ ਦੀ ਕਾਮਯਾਬੀ ਵਲ ਵੱਧ ਰਿਹਾ ਹੈ? ਕੀ ਅਫਗਾਨਿਸਤਾਨ ਵਿੱਚ ਲੋਕਤੰਤਰੀ ਸਰਕਾਰ ਸਥਾਪਤ ਹੋ ਗਈ ਹੈ ਜਾਂ ਅਫਗਾਨਿਸਤਾਨ ਦੇ ਹਾਲਾਤ ਅਜਿਹੀ ਸਥਿਤੀ ਵੱਲ ਵੱਧ ਰਹੇ ਹਨ? ਕੀ ਅਫਗਾਨਿਸਤਾਨ ਦੇ ਲੋਕ ਇਕ ਸੁਰੱਖਿਅਤ ਅਤੇ ਜ਼ੁਲਮ-ਰਹਿਤ ਜ਼ਿੰਦਗੀ ਜੀ ਸਕਣ ਯੋਗ ਹੋ ਗਏ ਹਨ ਜਾਂ ਅਜਿਹਾ ਕਰ ਸਕਣ ਦੇ ਯੋਗ ਹੋਣ ਵਲ ਵੱਧ ਰਹੇ ਹਨ।

**ਦਹਿਸ਼ਤਵਾਦ ਦਾ ਖਾਤਮਾ:** ਇਹ ਗੱਲ ਤਾਂ ਬਹੁਤ ਸਪਸ਼ਟ ਹੈ ਕਿ ਅਮਰੀਕਾ ਅਫਗਾਨਿਸਤਾਨ ਵਿੱਚ ਦਹਿਸ਼ਤਵਾਦ ਖਤਮ ਕਰਨ ਵਿੱਚ ਕਾਮਯਾਬ ਨਹੀਂ ਹੋਇਆ। ਹਮਲੇ ਤੋਂ ਛੇਤੀਂ ਬਾਅਦ ਜਾਪਦਾ ਸੀ ਕਿ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਅਫਗਾਨਿਸਤਾਨ ਵਿੱਚੋਂ ਤਾਲਿਬਾਨਾਂ ਦਾ ਖਾਤਮਾ ਕਰਨ ਜਾਂ ਉਹਨਾਂ ਨੂੰ ਖਦੇੜਨ ਵਿੱਚ ਕਾਮਯਾਬ ਹੋ ਗਈਆਂ ਹਨ, ਪਰ ਮੌਜੂਦਾ ਹਾਲਤ ਇਸ ਤੱਥ ਦੇ ਉਲਟ ਗਵਾਹੀ ਭਰਦੇ ਹਨ। ਤਾਲਿਬਾਨ ਮੁੜ ਜਥੇਬੰਦ ਹੋਣ ਵਿੱਚ ਕਾਮਯਾਬ ਹੋ ਗਏ ਹਨ ਅਤੇ ਉਹਨਾਂ ਨੇ ਅਫਗਾਨਿਸਤਾਨ ਦੇ ਕਾਫੀ ਹਿੱਸੇ ਵਿੱਚ ਅਮਰੀਕੀ ਅਤੇ ਅਫਗਾਨਿਸਤਾਨੀ ਫੌਜਾਂ ਦਾ ਦਾਖਲਾ ਅਸੰਭਵ ਬਣਾ ਦਿੱਤਾ ਹੈ। ਅਮਰੀਕਾ ਅਤੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਅਤੇ ਦੂਸਰੇ ਲੋਕਾਂ 'ਤੇ ਹਮਲੇ ਹੋਣ ਦੀਆਂ ਘਟਨਾਵਾਂ ਹਰ ਰੋਜ਼ ਵਾਪਰ ਰਹੀਆਂ ਹਨ। ਇਹ ਹਮਲੇ ਅਫਗਾਨਿਸਤਾਨ ਦੇ ਦੂਰ ਦੁਰੇਡੇ ਇਲਾਕਿਆਂ ਵਿੱਚ ਹੀ ਨਹੀਂ ਹੋ ਰਹੇ ਸਗੋਂ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵੀ ਇਹਨਾਂ ਹਮਲਿਆਂ ਤੋਂ ਬਚੀ ਹੋਈ ਨਹੀਂ। 13 ਸਤੰਬਰ, 2007 ਨੂੰ ਲੌਸ ਐਂਜਲਸ ਟਾਇਮਜ਼ ਵਿੱਚ ਛਪੇ ਇਕ ਆਰਟੀਕਲ ਵਿੱਚ ਕਿਹਾ ਗਿਆ ਹੈ ਕਿ ਕਾਬਲ ਏਨਾ ਖਤਰਨਾਕ ਹੋ ਗਿਆ ਹੈ ਕਿ ਵਿਦੇਸ਼ੀ ਦੂਤਾਵਾਸ ਤਾਲਾਬੰਦੀ ਦੀ ਸਥਿਤੀ ਵਿੱਚ ਹਨ, ਸਫੀਰ ਆਪਣੇ ਦਫਤਰਾਂ ਵਿੱਚੋਂ ਨਹੀਂ ਨਿਕਲਦੇ ਅਤੇ ਸਿਕਿਉਰਟੀ ਘੇਰੇ ਤੋਂ ਅਗਾਂਹ ਸਿਰਫ ਦਿਨ ਦੇ ਵਕਤ ਹੀ ਜਾਂਦੇ ਹਨ, ਉਹ ਵੀ ਬਕਤਰਬੰਦ ਗੱਡੀਆਂ ਵਿੱਚ ਅਤੇ ਹਥਿਆਰਬੰਦ ਪਹਿਰੇ ਅਧੀਨ।

ਛੇ ਸਾਲਾਂ ਬਾਅਦ ਵੀ ਅਮਰੀਕਨ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਬਿਨ-ਲਾਦੇਨ ਅਤੇ ਅਲਕਾਇਦਾ ਦੇ ਹੋਰ ਉਤਲੇ ਨੇਤਾਵਾਂ ਨੂੰ ਫੜਨ ਵਿੱਚ ਨਾਕਾਮਯਾਬ ਰਹੀਆਂ ਹਨ। ਬਿਨ-ਲਾਦੇਨ ਅਜੇ ਵੀ ਦੁਨੀਆਂ ਭਰ ਵਿੱਚ ਆਡਿਓ ਅਤੇ ਵੀਡੀਓ ਸੁਨੇਹੇ ਭੇਜ ਕੇ ਦਹਿਸ਼ਤਵਾਦ ਦੀ "ਰਹਿਨੁਮਾਈ" ਕਰ ਰਿਹਾ ਹੈ। ਬੇਸ਼ੱਕ ਅਮਰੀਕੀ ਨੇਤਾ ਆਪਣੇ ਭਾਸ਼ਨਾਂ ਵਿੱਚ ਜਿੰਨਾ ਮਰਜ਼ੀ ਕਹੀ ਜਾਣ ਕਿ ਉਹ ਅਫਗਾਨਿਸਤਾਨ ਵਿੱਚ ਜਿੱਤ ਰਹੇ ਹਨ ਪਰ ਸਚਾਈ ਇਸ ਤੋਂ ਉਲਟ ਜਾਪਦੀ ਹੈ। ਲਾਸ ਐਂਜਲਸ ਟਾਇਮਜ਼

ਵਿੱਚ ਛਪੇ ਆਰਟੀਕਲ ਅਨੁਸਾਰ, "ਪਿੰਡ ਤੋਂ ਪਿੰਡ, ਕਬੀਲੇ ਤੋਂ ਕਬੀਲੇ ਅਤੇ ਸੂਬੇ ਤੋਂ ਸੂਬੇ ਤੱਕ ਅਲਕਾਇਦਾ ਵਾਪਸ ਆ ਰਹੀ ਹੈ।" ਸ਼ਾਇਦ ਇਸ ਹੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਅਫਗਾਨਿਸਤਾਨ ਦੇ ਪ੍ਰੈਜ਼ੀਡੈਂਟ ਕਰਜ਼ਾਈ ਤਾਲਿਬਾਨਾਂ ਨਾਲ ਗੱਲਬਾਤ ਕਰਨ ਦੇ ਬਿਆਨ ਦੇ ਰਹੇ ਹਨ।

**ਲੋਕਤੰਤਰ ਸਰਕਾਰ ਸਥਾਪਤ ਕਰਨਾ:** ਅਮਰੀਕਾ ਵਲੋਂ ਇਹ ਗੱਲ ਕਹੀ ਜਾ ਰਹੀ ਹੈ ਕਿ ਅਫਗਾਨਿਸਤਾਨ ਲੋਕਤੰਤਰ ਵਲ ਨੂੰ ਵੱਧ ਰਿਹਾ ਹੈ। ਆਪਣੀ ਧਾਰਨਾ ਦੇ ਹੱਕ ਵਿੱਚ ਸਬੂਤ ਦਿੰਦਿਆਂ ਉਹ ਕਹਿੰਦੇ ਹਨ ਕਿ ਸੰਨ 2004 ਤੋਂ ਅਫਗਾਨਿਸਤਾਨ ਵਿੱਚ ਨਵਾਂ ਸਵਿੰਧਾਨ ਸਥਾਪਤ ਹੋ ਗਿਆ ਹੈ ਅਤੇ ਮੌਜੂਦਾ ਪ੍ਰੈਜ਼ੀਡੈਂਟ ਹਮੀਦ ਕਰਜ਼ਾਈ ਵੋਟਾਂ ਰਾਹੀਂ ਚੁਣੇ ਗਏ ਹਨ ਅਤੇ 2005 ਵਿੱਚ ਅਫਗਾਨਿਸਤਾਨ ਵਿੱਚ ਪਾਰਲੀਮੈਂਟਰੀ ਅਤੇ ਸੂਬਾਈ ਚੋਣਾਂ ਹੋਈਆਂ ਹਨ। ਪਰ ਜੇ ਅਸੀਂ ਇਹ ਦੇਖੀਏ ਕਿ ਇਸ ਸਮੇਂ ਅਫਗਾਨਿਸਤਾਨ ਦੀ ਸਰਕਾਰ ਨੂੰ ਕਿਹੜੇ ਲੋਕ ਕੰਟਰੋਲ ਕਰ ਰਹੇ ਹਨ ਤਾਂ ਅਫਗਾਨਿਸਤਾਨ ਵਿੱਚ ਲੋਕਤੰਤਰ ਦੀ ਸਥਾਪਨਾ ਵਲ ਵਧ ਰਹੇ ਕਦਮਾਂ ਦੀ ਧਾਰਨਾ ਦਾ ਖੋਖਲਾਪਣ ਇਕਦਮ ਸਪਸ਼ਟ ਹੋ ਜਾਂਦਾ ਹੈ।

ਅਫਗਾਨਿਸਤਾਨ ਬਾਰੇ ਆ ਰਹੀਆਂ ਵੱਖ ਵੱਖ ਰੀਪੋਰਟਾਂ ਅਨੁਸਾਰ, ਇਸ ਸਮੇਂ ਅਫਗਾਨਿਸਤਾਨ ਦੀ ਸਰਕਾਰ ਵਿੱਚ ਬਹੁਗਿਣਤੀ ਨੌਰਦਰਨ ਅਲਾਇੰਸ ਨਾਲ ਸੰਬੰਧ ਰੱਖਦੇ ਮੁਜ਼ਾਹਾਦੀਨਾਂ ਦੀ ਹੈ, ਜਿਹੜੇ ਮੂਲਵਾਦ, ਲੋਕਤੰਤਰ ਦੇ ਵਿਰੋਧ ਅਤੇ ਤਾਨਾਸ਼ਾਹੀ ਵਰਤਾਰੇ ਵਿੱਚ ਤਾਲਿਬਾਨਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹਨ। ਤਾਲਿਬਾਨਾਂ ਤੋਂ ਪਹਿਲਾਂ 1992-96 ਦੇ ਸਮੇਂ ਦੌਰਾਨ ਉਹ ਅਫਗਾਨਿਸਤਾਨ ਉੱਪਰ ਹਾਵੀ ਰਹੇ ਸਨ। ਇਸ ਸਮੇਂ ਦੌਰਾਨ ਅਫਗਾਨਿਸਤਾਨੀ ਲੋਕਾਂ ਉੱਪਰ ਵਾਪਰੇ ਜ਼ੁਲਮਾਂ ਦੀਆਂ ਕਹਾਣੀਆਂ ਤਾਲਿਬਾਨਾਂ ਦੇ ਸਮੇਂ ਦੌਰਾਨ ਵਾਪਰੇ ਜ਼ੁਲਮਾਂ ਦੇ ਬਰਾਬਰ ਹੀ ਹਨ। ਉਸ ਵੇਲੇ ਅਫਗਾਨਿਸਤਾਨ ਵਿੱਚ ਔਰਤਾਂ ਦੀ ਸਥਿਤੀ ਦਾ ਬਿਆਨ ਕਰਦੀ ਇਕ ਰੀਪੋਰਟ ਵਿੱਚ ਕਿਹਾ ਗਿਆ ਹੈ ਕਿ ਹਥਿਆਰਬੰਦ ਫੌਜੀ ਘਰਾਂ ਵਿੱਚ ਜਾਂਦੇ ਸਨ ਅਤੇ ਨੌਜਵਾਨ ਕੁੜੀਆਂ ਨੂੰ ਆਪਣੇ ਨਾਲ ਚੱਲਣ ਲਈ ਕਹਿੰਦੇ ਸਨ। ਜੇ ਉਹ ਕੁੜੀਆਂ ਇਹਨਾਂ ਫੌਜੀਆਂ ਦੇ ਨਾਲ ਜਾਣੋ ਇਨਕਾਰ ਕਰਦੀਆਂ ਸਨ ਤਾਂ ਉਹਨਾਂ ਨੂੰ ਉੱਥੇ ਹੀ ਗੋਲੀ ਮਾਰ ਦਿੱਤੀ ਜਾਂਦੀ ਸੀ।

ਮਨੁੱਖੀ ਅਧਿਕਾਰਾਂ ਦੀ ਸੰਸਥਾਂ ਹਿਊਮਨ ਰਾਈਟਸ ਵਾਚ ਅਨੁਸਾਰ, ਅਫਗਾਨਿਸਤਾਨ ਦੀ ਮੌਜੂਦਾ ਪਾਰਲੀਮੈਂਟ ਦੇ ਅੱਧੇ ਤੋਂ ਵੱਧ ਮੈਂਬਰਾਂ ਦੇ ਹਥਿਆਰਬੰਦ ਗਰੁੱਪਾਂ ਨਾਲ ਸੰਬੰਧ ਹਨ ਜਾਂ ਪਿਛਲੇ ਸਮੇਂ ਦੌਰਾਨ ਉਹਨਾਂ ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣ ਕਰਨ ਦੇ ਰੀਕਾਰਡ ਹਨ। 10 ਅਪ੍ਰੈਲ 2007 ਨੂੰ ਲੌਸ ਐਂਜਲੈਸ ਦੀ ਯੂਨੀਵਰਸਿਟੀ ਵਿੱਚ ਅਫਗਾਨ ਪਾਰਲੀਮੈਂਟ ਦੀ ਇਕ ਔਰਤ ਮੈਂਬਰ ਮਲਾਲਾਇ ਜੋਇਆ ਨੇ ਅਫਗਾਨਿਸਤਾਨ ਦੀ ਮੌਜੂਦਾ ਸਰਕਾਰ ਵਿੱਚ ਕੁਝ ਉਹਨਾਂ ਤਾਕਤਵਰ ਲੋਕਾਂ ਦੇ ਨਾਂ ਲਏ ਜਿਹਨਾਂ ਵਿਰੁੱਧ ਅਫਗਾਨਿਸਤਾਨੀ ਲੋਕਾਂ ਵਿਰੁੱਧ ਜ਼ੁਲਮ ਢਾਹੁਣ ਦੇ ਦੋਸ਼ ਲੱਗਦੇ ਹਨ। ਜੋਇਆ ਅਨੁਸਾਰ:

- ਅਫਗਾਨਿਸਤਾਨ ਦਾ ਉੱਪ-ਰਾਸ਼ਟਰਪਤੀ ਕਰੀਮ ਖਲੀਲੀ, ਇਰਾਨ ਪੱਖੀ ਵਹਾਦਤ ਪਾਰਟੀ ਦਾ ਨੇਤਾ ਹੈ ਅਤੇ ਉਹ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਕਤਲ ਕਰਨ ਲਈ ਜ਼ਿੰਮੇਵਾਰ ਹੈ ਅਤੇ ਹਿਊਮਨ ਰਾਇਟਸ ਵਾਚ ਨੇ ਉਸ ਨੂੰ ਜੰਗੀ-ਅਪਰਾਧੀ (ਵਾਰ ਕਰਿਮਨਲ) ਕਰਾਰ ਦਿੱਤਾ ਹੈ।
- ਅਫਗਾਨਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਦਾ ਮੁਖੀ, ਇਜ਼ਾਜ਼ਤੁੱਲ੍ਹਾ ਵਸੀਫੀ, ਖੁਦ ਡਰੱਗ ਦਾ ਧੰਦਾ ਕਰਨ ਦਾ ਦੋਸ਼ੀ ਹੈ, ਅਤੇ ਉਹ ਅਮਰੀਕਾ ਦੇ ਸੂਬੇ ਨੇਵਾਦਾ ਵਿੱਚ 4 ਸਾਲ ਦੀ ਸਜ਼ਾ ਕੱਟ ਚੁੱਕਿਆ ਹੈ।
- ਡਰੱਗ ਵਿਰੋਧੀ ਮੁਹਿੰਮ ਦਾ ਇਨਚਾਰਜ, ਅਫਗਾਨਿਸਤਾਨ ਦਾ ਡਿਪਟੀ ਇੰਟੀਰੀਅਰ ਮਨਿਸਟਰ, ਜਨਰਲ ਮੁਹੰਮਦ ਦਾਉਦ, ਸਾਬਕਾ ਫੌਜੀ ਕਮਾਂਡਰ (ਵਾਰ ਲੌਰਡ) ਹੈ ਅਤੇ ਡਰੱਗ ਦਾ ਧੰਦਾ ਕਰਨ ਵਿੱਚ ਮਸ਼ਹੂਰ ਰਿਹਾ ਹੈ।
- ਅਫਗਾਨ ਫੌਜ ਦਾ ਚੀਫ ਆਫ ਸਟਾਫ, ਰਸ਼ੀਦ ਦੋਸਤਮ, ਇਕ ਜਾਲਮ ਹਤਿਆਰਾ ਹੈ ਅਤੇ ਉਸ ਨੂੰ ਹਿਊਮਨ ਰਾਈਟਸ ਵਾਚ ਨੇ ਜੰਗੀ ਅਪਰਾਧੀ ਘੋਸ਼ਿਤ ਕੀਤਾ ਹੈ।
- ਸਾਬਕਾ ਰੱਖਿਆ ਮੰਤਰੀ, ਅਤੇ ਮੌਜੂਦਾ ਸੈਨੇਟਰ ਅਤੇ ਪ੍ਰੈਜ਼ੀਡੈਂਟ ਕਰਜ਼ਾਈ ਦਾ ਸਲਾਹਕਾਰ , ਕਾਸਿਮ ਫਹੀਮ, ਨੌਰਦਰਨ ਅਲਾਇੰਸ ਦਾ ਸਭ ਤੋਂ ਤਾਕਤਵਰ ਫੌਜੀ ਕਮਾਂਡਰ (ਵਾਰ ਲੌਰਡ) ਹੈ ਅਤੇ ਉਸ ਉੱਪਰ ਜੰਗੀ-ਅਪਰਾਧਾਂ ਦੇ ਇਲਜ਼ਾਮ ਲੱਗਦੇ ਹਨ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ 29 ਸਾਲਾ ਮਲਾਲਾਇ ਜੋਇਆ ਅਜਿਹੀ ਅਫਗਾਨ ਐਮ ਪੀ ਹੈ, ਜੋ ਅਫਗਾਨਿਸਤਾਨ ਉੱਪਰ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਦੇ ਰਾਜ ਦੀ ਸਖਤ ਵਿਰੋਧੀ ਹੈ। ਇਸ ਦੇ ਨਤੀਜੇ ਵਜੋਂ ਉਸਨੂੰ ਅਫਗਾਨਿਸਤਾਨ ਦੀ ਪਾਰਲੀਮੈਂਟ ਵਿੱਚੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਸ ਉੱਪਰ ਚਾਰ ਕਾਤਲਾਨਾ ਹਮਲੇ ਹੋ ਚੁੱਕੇ ਹਨ। ਫੌਜੀ ਕਮਾਂਡਰਾਂ ਤੋਂ ਪਾਰਲੀਮੈਂਟ ਦੇ ਮੈਂਬਰ ਬਣੇ ਅਫਗਾਨਿਸਤਾਨੀ ਐਮ ਪੀ ਉਸ ਤੋਂ ਏਨੇ ਔਖੇ ਹਨ ਕਿ ਉਸ ਵਲੋਂ ਕਹੀ ਗੱਲ ਦੇ ਜੁਆਬ ਵਿੱਚ ਇਕ ਪਾਰਲੀਮੈਂਟ ਮੈਂਬਰ ਨੇ ਕਿਹਾ ਕਿ ਉਹ ਇਕ ਤਵਾਇਫ ਹੈ ਅਤੇ ਉਸ ਨੂੰ ਉੱਥੋਂ ਲਿਜਾ ਕੇ ਉਸ ਨਾਲ ਬਲਾਤਕਾਰ ਕਰਨਾ ਚਾਹੀਦਾ ਹੈ।

ਜਿਸ ਦੇਸ਼ ਦੀ ਪਾਰਲੀਮੈਂਟ ਦੇ ਅੱਧੇ ਤੋਂ ਵੱਧ ਮੈਂਬਰਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਲਗਦੇ ਹੋਣ ਅਤੇ ਜਿਸ ਪਾਰਲੀਮੈਂਟ ਵਿੱਚ ਇਕ ਔਰਤ ਐਮ ਪੀ ਦਾ ਬਲਾਤਕਾਰ ਕਰਨ ਦੀ ਧਮਕੀ ਦਿੱਤੀ ਗਈ ਹੋਵੇ, ਉਸ ਮੁਲਕ ਦੇ ਲੋਕਤੰਤਰ ਵਲ ਵਧਣ ਦੀ ਗੱਲ ਕਰਨਾ ਇਕ ਕੋਝੇ ਮਜਾਕ ਤੋਂ ਵੱਧ ਕੁਝ ਨਹੀਂ ਹੋ ਸਕਦੀ। ਇਥੇ ਇਹ ਗੱਲ ਵੀ ਸਪਸ਼ਟ ਕਰ ਲੈਣੀ ਚਾਹੀਦੀ ਹੈ ਕਿ ਅਫਗਾਨਿਸਤਾਨ ਵਿੱਚ "ਲੋਕਤੰਤਰ ਵਲ ਵਧਦੇ ਇਹ ਕਦਮ" ਅਮਰੀਕਾ ਦੀਆਂ ਨੀਤੀਆਂ ਦਾ ਨਤੀਜਾ ਹਨ। 2001 ਵਿੱਚ ਤਾਲਿਬਨ ਦੀ ਹਾਰ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਅਫਗਾਨਿਸਤਾਨ ਵਿੱਚ ਹਥਿਆਰਬੰਦ ਗਰੁੱਪਾਂ ਨੂੰ ਨਿਰ-ਹਥਿਆਰ ਕੀਤਾ ਜਾਂਦਾ ਅਤੇ ਅਫਗਾਨਿਸਤਾਨ ਦੇ ਪੁਲਿਸ ਅਤੇ ਸਿਕਿਉਰਟੀ ਬਲਾਂ ਨੂੰ ਮਜ਼ਬੂਤ ਕੀਤਾ ਜਾਂਦਾ ਤਾਂ ਕਿ ਅਫਗਾਨਿਸਤਾਨ ਲੋਕਾਂ ਨੂੰ ਇਹਨਾਂ ਹਥਿਆਰਬੰਦ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਤੋਂ ਛੁਟਕਾਰਾ ਮਿਲਦਾ। ਪਰ ਅਮਰੀਕਾ ਨੇ ਇਸ ਦੇ ਉਲਟ ਜਾਂਦਿਆਂ, ਤਾਲਿਬਾਨਾਂ ਨਾਲ ਲੜਨ ਲਈ ਹਥਿਆਰਬੰਦ ਫੌਜੀ ਗਰੁੱਪਾਂ ਨਾਲ ਗੱਠ-ਜੋੜ ਕੀਤਾ। ਜਿਸ ਦੇ ਨਤੀਜੇ ਵਜੋਂ ਹਥਿਆਰਬੰਦ ਹੋਰ ਤੱਕੜੇ ਹੋਏ। ਇਸ ਸਥਿਤੀ ਨੂੰ ਦੇਖਦਿਆਂ ਹੀ ਮਲਾਲਾਇ ਜੋਇਆ ਕਹਿੰਦੀ ਹੈ, "ਅਮਰੀਕੀ ਸਰਕਾਰ ਨੇ ਅਤਿ ਦੇ ਪਿਛਾਂਹਖਿਚੂ ਅਤੇ ਜਾਲਮ ਤਾਲਿਬਾਨਾਂ ਨੂੰ ਤਾਂ ਤਾਕਤ ਤੋਂ ਲਾਹ ਦਿੱਤਾ, ਪਰ ਅਫਗਾਨਿਸਤਾਨੀ ਲੋਕਾਂ ਉੱਪਰ ਨਿਰਭਰ ਹੋਣ ਦੀ ਥਾਂ, ਸਾਨੂੰ ਖੂਹ ਵਿੱਚੋਂ ਕੱਢ ਕੇ ਟੋਬੇ ਵਿੱਚ ਸੁੱਟ ਦਿੱਤਾ ਅਤੇ ਆਪਣੀ ਦੋਸਤੀ ਲਈ "ਨੌਰਦਰਨ ਅਲਾਇੰਸ" ਦੇ ਲੁੱਚੇ ਅਤੇ ਬਦਮਾਸ਼ ਅਪਰਾਧੀਆਂ ਨੂੰ ਚੁਣਿਆ, ਜਿਹੜੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਕੱਟੜ ਦੁਸ਼ਮਨ ਹਨ ਅਤੇ ਤਾਲਿਬਾਨਾਂ ਵਾਂਗ ਹੀ ਕਾਲੀ ਸੋਚ ਵਾਲੇ, ਬੁਰੇ ਅਤੇ ਜਾਲਮ ਹਨ।"

**ਅਫਗਾਨਿਸਤਾਨ ਦੇ ਲੋਕਾਂ ਲਈ ਸੁਰੱਖਿਅਤ ਜ਼ਿੰਦਗੀ:** ਅਫਗਾਨਿਸਤਾਨ ਵਿੱਚ ਹਿੰਸਕ ਖਾਨਾਜੰਗੀ ਦੇ ਮਾਹੌਲ ਵਿੱਚ ਅਫਗਾਨਿਸਤਾਨ ਦੇ ਆਮ ਲੋਕਾਂ ਉੱਪਰ ਮੌਤ ਦਾ ਸਾਇਆ ਹਮੇਸ਼ਾਂ ਲਟਕਦਾ ਰਹਿੰਦਾ ਹੈ। ਉਹਨਾਂ ਨੂੰ ਪਤਾ ਨਹੀਂ ਕਿ ਵੱਖ ਵੱਖ ਧਿਰਾਂ ਵਲੋਂ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਕਦੋਂ ਉਹਨਾਂ ਦੀ ਮੌਤ ਦਾ ਕਾਰਨ ਬਣ ਜਾਣ। ਇੰਗਲੈਂਡ ਤੋਂ ਛਪਦੇ ਇੰਡੀਪੈਂਡਿਟ ਅਖਬਾਰ ਵਿੱਚ 6 ਅਕਤੂਬਰ 2007 ਨੂੰ ਛਪੀ ਇਕ ਰੀਪੋਰਟ ਮੁਤਾਬਕ 2007 ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਆਤਮਘਾਤੀ ਬੰਬਾਂ, ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਵਲੋਂ ਕੀਤੇ ਹਵਾਈ ਹਮਲਿਆਂ, ਵੱਖ ਵੱਖ ਧਿਰਾਂ ਵਿਚਕਾਰ ਹੋਈਆਂ ਹਥਿਆਰਬੰਦ ਝੜਪਾਂ ਅਤੇ ਸੜਕਾਂ 'ਤੇ ਫਟੇ ਬੰਬਾਂ ਕਾਰਨ 5100 ਲੋਕ ਮਾਰੇ ਗਏ ਹਨ। ਪਿਛਲੇ ਸਾਲ ਇਸ ਹੀ ਸਮੇਂ ਦੌਰਾਨ 3200 ਦੇ ਕਰੀਬ ਲੋਕ ਮਾਰੇ ਗਏ ਸਨ।

ਹਿੰਸਕ ਖਾਨਾਜੰਗੀ ਦੇ ਹਾਲਤਾਂ ਦਾ ਅਗਲਾ ਅਸਰ ਇਹ ਹੈ ਕਿ ਅਫਗਾਨਿਸਤਾਨ ਦੇ ਬਹੁਤ ਸਾਰੇ ਲੋਕਾਂ ਨੂੰ ਆਪਣੀ ਜਾਨ-ਮਾਲ ਦੀ ਰਾਖੀ ਲਈ ਆਪਣਾ ਘਰ-ਬਾਰ ਛੱਡਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਜੁਲਾਈ 2006 ਵਿੱਚ ਯੂ ਐਸ ਕਮੇਟੀ ਫਾਰ ਰਿਫਿਊਜੀਜ਼ ਐਂਡ ਇੰਮੀਗਰੈਂਟਸ ਨੇ ਅੰਦਾਜ਼ਾ ਲਾਇਆ ਸੀ ਕਿ 22 ਲੱਖ ਅਫਗਾਨਿਸਤਾਨੀ ਲੋਕ ਆਪਣਾ ਦੇਸ਼ ਛੱਡ ਕੇ ਸ਼ਰਨਾਰਥੀ ਬਣ ਗਏ ਹਨ ਅਤੇ ਡੇਢ ਲੱਖ ਦੇ ਕਰੀਬ ਅਫਗਾਨਿਸਤਾਨ ਦੇ ਅੰਦਰ ਹੀ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ।

ਕਹਿਣ ਨੂੰ ਤਾਂ ਕਰਜ਼ਾਈ ਸਰਕਾਰ ਦੇਸ਼ 'ਤੇ ਹਕੂਮਤ ਕਰ ਰਹੀ ਹੈ, ਪਰ ਇਹ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਅਮਨ ਅਮਾਨ ਕਾਇਮ ਕਰ ਸਕਣ ਦੇ ਯੋਗ ਨਹੀਂ। ਇਸ ਗੱਲ ਦੀ ਸਚਾਈ ਵੱਖ ਵੱਖ ਸੂਤਰਾਂ ਵਲੋਂ ਮੰਨੀ ਜਾ ਰਹੀ ਹੈ। 5 ਅਕਤੂਬਰ 2007 ਨੂੰ ਅਮਰੀਕਾ ਦੀ ਹਾਊਸ ਕਮੇਟੀ ਔਨ ਫੌਰਨ ਅਫੇਅਰਜ਼ ਦੀ ਇਕ ਸੁਣਵਾਈ ਦੌਰਾਨ, ਨਿਊਯਾਰਕ ਦੇ ਡੈਮੋਕਰੇਟ ਸੈਨੇਟਰ ਡੇਵਿਡ ਐਕਰਮੈਨ ਨੇ ਕਿਹਾ, "ਦੇਸ਼ ਦੇ ਬਹੁਤੇ ਹਿੱਸੇ ਵਿੱਚ ਕੋਈ ਸੁਰੱਖਿਆ ਨਹੀਂ। ਕੇਂਦਰੀ ਸਰਕਾਰ ਦੀ ਪਹੁੰਚ ਕਾਬਲ ਦੀਆਂ ਹੱਦਾਂ ਤੋਂ ਅਗਾਂਹ ਨਹੀਂ ਜਾਂਦੀ।" ਸ਼ਾਇਦ ਇਸ ਲਈ ਹੀ ਕਈ ਲੋਕ ਕਰਜ਼ਾਈ ਨੂੰ ਅਫਗਾਨਿਸਤਾਨ ਦੇ ਪ੍ਰੈਜ਼ੀਡੈਂਟ ਦੀ ਥਾਂ ਕਾਬਲ ਦਾ ਮੇਅਰ ਕਹਿੰਦੇ ਹਨ। ਸਰਕਾਰ ਦੀ ਇਸ ਕਮਜ਼ੋਰੀ ਕਾਰਨ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਤੇ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਦਾ ਗਲਬਾ ਹੈ ਅਤੇ ਉੱਥੇ ਉਹਨਾਂ ਦਾ ਕਾਨੂੰਨ ਚਲਦਾ ਹੈ। ਰੈਵੂਲੂਸ਼ਨਰੀ ਐਸੋਸੀਏਸ਼ਨ ਆਫ ਦੀ ਵਿਮਨਜ਼ ਆਫ ਅਫਗਾਨਿਸਤਾਨ ਦੇ ਵੈੱਬਸਾਈਟ 'ਤੇ ਲੱਗੀ ਇੰਸਟੀਚਿਊਟ ਫਾਰ ਵਾਰ ਐਂਡ ਪੀਸ ਰੀਪੋਰਟਿੰਗ ਦੀ 13 ਸਤੰਬਰ, 2007 ਦੀ ਰਿਪੋਰਟ ਵਿੱਚ ਅਫਗਾਨਿਸਤਾਨ ਦੇ ਇਕ ਉੱਤਰੀ ਸੂਬੇ ਤੱਖਰ ਦਾ ਇਕ ਵਸ਼ਿੰਦਾ ਇਸ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, "ਸਰਕਾਰ ਝੂਠ ਬੋਲ ਰਹੀ ਹੈ ਕਿ ਉਸ ਦਾ ਦੇਸ਼ 'ਤੇ ਕੰਟਰੋਲ ਹੈ। ਇਥੇ ਕੋਈ ਸਰਕਾਰ ਨਹੀਂ, ਸਿਰਫ ਸਥਾਨਕ ਕਮਾਂਡਰ ਹਨ, ਜੋ ਸਾਡੀ ਹੋਣੀ ਨੂੰ ਕੰਟਰੋਲ ਕਰਦੇ ਹਨ। ਨੇਟੋ ਅਤੇ ਇੰਟਰਨੈਸ਼ਨਲ ਸਿਕਿਉਰਟੀ ਅਸਿਸਟੈਂਸ ਫੋਰਸ, ਦੱਖਣ ਵਿੱਚ ਰੁਝੀਆਂ ਹੋਈਆਂ ਹਨ, ਅਤੇ ਉਹਨਾਂ ਨੇ ਸਾਨੂੰ ਸਥਾਨਕ ਕਮਾਂਡਰਾਂ ਦੇ ਚੁੰਗਲ ਵਿੱਚ ਛੱਡ ਦਿੱਤਾ ਹੈ, ਜਿਹੜੇ ਤਾਲਿਬਾਨਾਂ ਨਾਲੋਂ ਜ਼ਿਆਦਾ ਖਤਰਨਾਕ ਹਨ।"

ਆਮ ਲੋਕਾਂ ਉੱਪਰ ਆਪਣਾ ਦਾਬਾ ਕਾਇਮ ਰੱਖਣ ਲਈ ਇਹ ਫੌਜੀ ਕਮਾਂਡਰ (ਵਾਰ ਲੌਰਡਜ਼) ਹਰ ਤਰ੍ਹਾਂ ਦੇ ਜੁਲਮ ਦਾ ਸਹਾਰਾ ਲੈਂਦੇ ਹਨ। ਇੰਸਟੀਚਿਊਟ ਫਾਰ ਵਾਰ ਐਂਡ ਪੀਸ ਰੀਪੋਰਟਿੰਗ ਦੀ 13 ਸਤੰਬਰ 2007 ਦੀ ਇਕ ਰੀਪੋਰਟ ਮੁਤਾਬਕ, ਤੱਖਰ ਸੂਬੇ ਦੇ ਇਕ ਵਸ਼ਿੰਦੇ ਹਬੀਬ ਰਸੂਲ ਦਾ ਕਹਿਣਾ ਹੈ ਕਿ ਜਦੋਂ ਉਹ ਆਪਣੇ ਬੀਮਾਰ ਭਰਾ ਦੀ ਤੀਮਾਰਦਾਰੀ ਕਰਨ ਕਾਬਲ

ਗਿਆ ਤਾਂ ਉਸ ਦੀ ਗੈਰ-ਹਾਜ਼ਰੀ ਵਿੱਚ ਇਕ ਸਥਾਨਕ ਕਮਾਂਡਰ ਨੇ ਉਸ ਦੀ ਪਤਨੀ ਨੂੰ ਅਗਵਾ ਕਰ ਲਿਆ ਅਤੇ ਕਈ ਮਹੀਨਿਆਂ ਬਾਅਦ ਵੀ ਉਸ ਨੂੰ ਪਤਾ ਨਹੀਂ ਕਿ ਉਸ ਦੀ ਪਤਨੀ ਕਿੱਥੇ ਹੈ। ਇਸ ਹੀ ਸੂਬੇ ਦੇ ਇਕ ਹੋਰ ਆਦਮੀ ਨੇ ਦੋਸ਼ ਲਾਇਆ ਹੈ ਕਿ ਸਥਾਨਕ ਕਮਾਂਡਰ ਨੇ ਉਸ ਦੇ 6 ਅਤੇ 8 ਸਾਲਾਂ ਦੇ ਦੋ ਪੁੱਤਰਾਂ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ। ਇਹਨਾਂ ਦੋਹਾਂ ਵਿਅਕਤੀਆਂ ਦਾ ਕਹਿਣਾ ਹੈ ਸਥਾਨਕ ਕਮਾਂਡਰ ਨੇ ਉਹਨਾਂ ਵਿਰੁੱਧ ਅਜਿਹੀਆਂ ਕਾਰਵਾਈਆਂ ਤਾਂ ਕੀਤੀਆਂ ਕਿਉਂਕਿ ਉਹ ਸਥਾਨਕ ਕਮਾਂਡਰਾਂ ਦੀ ਹਕੂਮਤ ਦਾ ਵਿਰੋਧ ਕਰਦੇ ਸਨ। ਇਸ ਹੀ ਰੀਪੋਰਟ ਵਿੱਚ ਇਕ ਚਾਲੀ ਸਾਲਾ ਔਰਤ ਦੌਲਤ ਬੀਬੀ ਨੇ ਕਿਹਾ ਹੈ ਕਿ ਇਕ ਸਥਾਨਕ ਕਮਾਂਡਰ ਦੇ 13 ਆਦਮੀਆਂ ਨੇ ਉਸ ਨਾਲ ਬਲਾਤਕਾਰ ਕੀਤਾ ਜਿਸ ਕਾਰਨ ਉਸ ਨੂੰ ਡੇਢ ਮਹੀਨੇ ਲਈ ਹਸਪਤਾਲ ਰਹਿਣਾ ਪਿਆ। ਦੌਲਤ ਬੀਬੀ ਦਾ ਕਹਿਣਾ ਹੈ ਕਿ ਉਹ ਇਸ ਬਾਰੇ ਸ਼ਿਕਾਇਤ ਕਰਨ ਲਈ ਜ਼ਿਲ੍ਹੇ ਦੇ ਗਵਰਨਰ ਦੇ ਦਫਤਰ ਗਈ, ਪਰ ਉਸ ਦੀ ਕਿਸੇ ਨੇ ਵੀ ਨਹੀਂ ਸੁਣੀ। ਉਸ ਅਨੁਸਾਰ, ਦੂਸਰੇ ਲੋਕਾਂ ਨੇ ਉਸ ਇਹ ਸਭ ਕੁਝ ਭੁੱਲਣ ਦੀ ਸਲਾਹ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਅਫਗਾਨਿਸਤਾਨ ਵਿੱਚ ਕੋਈ ਵੀ ਅਜਿਹਾ ਕਾਨੂੰਨ ਨਹੀਂ ਹੈ ਜੋ ਇਹਨਾਂ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਵਿਰੁੱਧ ਕੁਝ ਕਰ ਸਕੇ।

ਫੌਜੀ ਕਮਾਂਡਰਾਂ ਵਲੋਂ ਅਫਗਾਨਿਸਤਾਨ ਦੇ ਲੋਕਾਂ ਉੱਪਰ ਜ਼ੁਲਮ ਢਾਹੁਣ ਦੀਆਂ ਘਟਨਾਵਾਂ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਵਲੋਂ ਅਫਗਾਨਿਸਤਾਨ ਉੱਪਰ ਕੀਤੇ ਹਮਲੇ ਤੋਂ ਇਕਦਮ ਬਾਅਦ ਵਿੱਚ ਹੀ ਸ਼ੁਰੂ ਹੋ ਗਈਆਂ ਸਨ। ਇਸ ਹੀ ਲਈ ਸੰਨ 2003 ਵਿੱਚ ਹਿਊਮਨ ਰਾਈਟਸ ਵਾਚ ਨੇ ਇਸ ਬਾਰੇ ਇਕ ਲੰਮੀ ਰੀਪੋਰਟ ਲਿਖੀ ਸੀ। ਉਸ ਸਮੇਂ ਹਿਊਮਨ ਰਾਈਟਸ ਵਾਚ ਦੀ ਏਸ਼ੀਆ ਡਿਵੀਜ਼ਨ ਦੇ ਡਾਇਰੈਕਟਰ ਬਰੈਡ ਐਡਮਜ਼ ਦਾ ਕਹਿਣਾ ਸੀ, ਕਿ ਅਫਗਾਨਿਸਤਾਨ ਵਿੱਚ ਤਾਲਿਬਾਨਾਂ ਦੀ ਹਾਰ ਤੋਂ ਬਾਅਦ ਅਮਰੀਕਾ ਅਤੇ ਉਹਨਾਂ ਦੇ ਮਿੱਤਰ ਦੇਸ਼ਾਂ ਦੀ ਸਹਾਇਤਾ ਨਾਲ ਤਾਕਤ ਵਿੱਚ ਆਏ ਬੰਦੂਕਧਾਰੀਆਂ ਅਤੇ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਇਹਨਾਂ ਫੌਜੀ ਕਮਾਂਡਰਾਂ ਵਿਰੁੱਧ ਕਿਸੇ ਕਿਸਮ ਦਾ ਐਕਸ਼ਨ ਲੈਣ ਦੀ ਥਾਂ ਕਰਜ਼ਾਈ ਸਰਕਾਰ ਉਹਨਾਂ ਨਾਲ ਨਰਮੀ ਵਰਤ ਰਹੀ ਹੈ। ਇਸ ਸਥਿਤੀ 'ਤੇ ਟਿੱਪਣੀ ਕਰਦਿਆਂ, ਅਫਗਾਨਿਸਤਾਨ ਦੀ ਇਕ ਅਖਬਾਰ ਜਹਾਨੇ-ਏ-ਨਊ ਦੇ ਸੰਪਾਦਕ ਕਿਆਮ ਬਾਬਕ ਦਾ ਕਹਿਣਾ ਹੈ ਕਿ "ਹਰ ਇਕ ਨੂੰ ਪਤਾ ਹੈ ਕਿ (ਪ੍ਰੈਜ਼ੀਡੈਂਟ ਕਰਜ਼ਾਈ) ਦੀ ਸਰਕਾਰ ਪਿਛਲੇ ਛੇ ਸਾਲਾਂ ਤੋਂ ਸਥਾਨਕ ਕਮਾਂਡਰਾਂ ਨਾਲ ਨਰਮੀ ਵਰਤ ਰਹੀ ਹੈ ਅਤੇ ਇਸ ਨਾਲ ਉਹ ਆਪਣੀ ਗੁਆਚੀ ਤਾਕਤ ਦੁਬਾਰਾ ਹਾਸਲ ਕਰਨ ਲਈ ਉਤਸ਼ਾਹਿਤ ਹੋਏ ਹਨ। ਇਹ ਕਮਾਂਡਰ ਕਰਜ਼ਾਈ ਦੀ ਨਰਮੀ ਦਾ ਫਾਇਦਾ ਉਠਾਉਂਦੇ ਹੋਏ ਕੈਂਸਰ ਦੀ ਤਰ੍ਹਾਂ ਵੱਧ ਗਏ ਹਨ। ਉਹ ਕਰਜ਼ਾਈ ਸਰਕਾਰ ਨੂੰ ਖਤਮ ਕਰ ਦੇਣਗੇ।"

ਆਮ ਅਫਗਾਨਿਸਤਾਨੀ ਲੋਕਾਂ ਲਈ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨ ਸਕਣਾ ਮੁਸ਼ਕਿਲ ਹੈ। ਸਯੁੰਕਤ ਰਾਸ਼ਟਰ ਦੀ 2007 ਦੀ ਹਿਊਮਨ ਡਿਵੈਲਪਮੈਂਟ ਦੀ ਰੀਪੋਰਟ ਅਨੁਸਾਰ ਅਫਗਾਨਿਸਤਾਨ ਵਿੱਚ 66 ਲੱਖ ਲੋਕ ਘੱਟੋ ਘੱਟ ਲੋੜੀਂਦੇ ਖਾਣੇ ਦੀ ਆਪਣੀ ਲੋੜ ਵੀ ਪੂਰੀ ਨਹੀਂ ਕਰ ਸਕਦੇ। ਇਕ ਹੋਰ ਰੀਪੋਰਟ ਅਨੁਸਾਰ, ਹਰ ਰੋਜ਼ 700 ਦੇ ਕਰੀਬ ਬੱਚਿਆਂ ਅਤੇ 50-70 ਦੇ ਕਰੀਬ ਔਰਤਾਂ ਦੀ ਸਿਹਤ ਸੇਵਾਵਾਂ ਦੀ ਘਾਟ ਕਾਰਨ ਮੌਤ ਹੋ ਜਾਂਦੀ ਹੈ। ਅਫਗਾਨਿਸਤਾਨ ਦੀਆਂ ਸਿਰਫ 12 ਫੀਸਦੀ ਔਰਤਾਂ ਪੜ੍ਹ-ਲਿਖ ਸਕਦੀਆਂ ਹਨ ਜਦੋਂ ਕਿ ਮਰਦਾਂ ਵਿੱਚ ਇਹ ਦਰ 32.4 ਫੀਸਦੀ ਹੈ। ਭਵਿੱਖ ਵਿੱਚ ਇਸ ਸਥਿਤੀ ਦੇ ਸੁਧਾਰ ਦੇ ਕੋਈ ਆਸਾਰ ਦਿਖਾਈ ਨਹੀਂ ਦਿੰਦੇ ਕਿਉਂਕਿ ਦੇਸ਼ ਵਿੱਚ ਵਿਦਿਅਕ ਪ੍ਰਬੰਧ ਨਾ ਹੋਇਆਂ ਬਰਾਬਰ ਹੈ। ਅਮਨ ਅਤੇ ਕਾਨੂੰਨ ਦੀ ਭੈੜੀ ਸਥਿਤੀ ਅਤੇ ਵਸੀਲਿਆਂ ਦੀ ਘਾਟ ਕਾਰਨ ਸਰਕਾਰ ਲੋਕਾਂ ਲਈ ਵਿਦਿਆ, ਸਿਹਤ ਅਤੇ ਅਜਿਹੀਆਂ ਹੋਰ ਮੁਢਲੀਆਂ ਸਹੂਲਤ ਪ੍ਰਦਾਨ ਕਰਨ ਤੋਂ ਅਸਮਰੱਥ ਹੈ। ਜਿਹੜੀ ਥੋੜ੍ਹੀ ਬਹੁਤ ਮਾਇਕ ਸਹਾਇਤਾ ਬਾਹਰਲੇ ਦੇਸ਼ਾਂ ਤੋਂ ਇਹਨਾਂ ਕੰਮਾਂ ਲਈ ਮਿਲਦੀ ਹੈ ਉਸ ਦਾ ਵੱਡਾ ਹਿੱਸਾ ਸਰਕਾਰ ਦੇ ਭ੍ਰਿਸ਼ਟਾਚਾਰ ਮੈਂਬਰਾਂ ਦੀਆਂ ਜੇਬਾਂ ਵਿੱਚ ਚਲੇ ਜਾਂਦਾ ਹੈ।

ਲੋਕਾਂ ਵਿੱਚ ਅਥਾਹ ਦੀ ਗਰੀਬੀ ਅਤੇ ਉਹਨਾਂ ਦੀਆਂ ਮੁਢਲੀਆਂ ਲੋੜਾਂ ਦੀ ਅਣਪੂਰਤੀ ਉਹਨਾਂ ਨੂੰ ਮੂਲਵਾਦੀ ਤਾਲਿਬਾਨਾਂ ਦੇ ਘੇਰੇ ਵੱਲ ਧੱਕ ਰਹੀ ਹੈ। ਅਮਰੀਕਾ ਵਿੱਚ ਸਥਿੱਤ ਸੈਂਟਰ ਫਾਰ ਸਟਰੈਟੀਜਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੀ ਇਕ ਰਿਪੋਰਟ ਅਨੁਸਾਰ, ਤਾਲਿਬਾਨ ਬੇਰੁਜ਼ਗਾਰ ਲੋਕਾਂ ਨੂੰ ਆਪਣੇ ਲੜਾਕਿਆਂ ਵਜੋਂ ਭਰਤੀ ਕਰਕੇ ਲੋਕਾਂ ਲਈ ਨੌਕਰੀ ਦਾ ਸਾਧਨ ਬਣ ਰਹੇ ਹਨ। ਅਫਗਾਨਿਸਤਾਨ ਦੇ ਸੂਬੇ ਨੂਰੀਸਤਾਨ ਬਾਰੇ 9 ਸਤੰਬਰ 2007 ਨੂੰ ਛਪੀ ਇਕ ਰੀਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਕਿ ਇਸ ਸੂਬੇ ਵਿੱਚ ਸਰਕਾਰ ਵਲੋਂ ਚਲਾਏ ਜਾਂਦੇ ਸਕੂਲ ਨਾ ਦੇ ਬਰਾਬਰ ਹਨ, ਉਸ ਸਮੇਂ ਸਾਊਦੀ ਅਰਬ ਵਿੱਚਲੀ ਵਰਲਡ ਮੁਸਲਿਮ ਲੀਗ ਅਤੇ ਅਰਬ ਦੇਸ਼ਾਂ ਵਿਚਲੀਆਂ ਹੋਰ ਫਾਊਂਡੇਸ਼ਨਾਂ ਮੌਲਾਣਿਆਂ, ਮਿਸ਼ਨਰੀਆਂ ਅਤੇ ਮਦਰੱਸਿਆਂ ਦੇ ਅਧਿਆਪਕਾਂ ਦੀ ਤਨਖਾਹਾਂ ਦੇ ਰਹੀਆਂ ਹਨ। ਸਰਕਾਰੀ ਸਕੂਲਾਂ ਦੀ ਅਣਹੋਂਦ ਕਾਰਨ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਚਾਹਵਾਨ ਲੋਕਾਂ ਕੋਲ ਆਪਣੇ ਬੱਚਿਆਂ ਨੂੰ ਇਹਨਾਂ ਮਦਰੱਸਿਆਂ ਵਿੱਚ ਭੇਜਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਪਰ ਇਹਨਾਂ ਮਦਰੱਸਿਆਂ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਨੂੰ ਬਹੁਪੱਖੀ ਪੜ੍ਹਾਈ ਕਰਵਾਉਣ ਦੀ ਥਾਂ ਮੂਲਵਾਦ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਨਤੀਜੇ ਵਜੋਂ ਉਹ ਤਾਲਿਬਾਨਾਂ ਅਤੇ ਦੂਸਰੇ ਮੂਲਵਾਦੀਆਂ ਲਈ ਭਰਤੀ ਦਾ ਸ੍ਰੋਤ ਬਣ ਜਾਂਦੇ ਹਨ।

**ਅਫਗਾਨਿਸਤਾਨ ਵਿੱਚ ਔਰਤਾਂ:** ਅਮਰੀਕਾ ਵਲੋਂ ਅਫਗਾਨਿਸਤਾਨ 'ਤੇ ਕੀਤੇ ਹਮਲੇ ਨੂੰ ਸਹੀ ਠਹਿਰਾਉਣ ਲਈ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਤਾਲਿਬਾਨਾਂ ਤੋਂ ਬਾਅਦ ਦਾ ਨਿਜਾਮ ਅਫਗਾਨਿਸਤਾਨੀ ਔਰਤਾਂ ਲਈ ਜ਼ਿੰਦਗੀ ਜਿਉਣ ਦੇ ਚੰਗੇਰੇ ਮੌਕੇ ਲੈ ਕੇ ਆਵੇਗਾ। ਪਰ ਅਫਗਾਨਿਸਤਾਨ ਤੋਂ ਮਿਲਦੀਆਂ ਤਾਜ਼ਾ ਰੀਪੋਰਟਾਂ ਤੋਂ ਇਸ ਤਰ੍ਹਾਂ ਦੇ ਕੋਈ ਸਬੂਤ ਨਹੀਂ ਮਿਲਦੇ ਕਿ ਅਫਗਾਨਿਸਤਾਨੀ ਔਰਤਾਂ ਦੀ ਜ਼ਿੰਦਗੀ ਸੁਧਰ ਰਹੀ ਹੈ। ਅਫਗਾਨਿਸਤਾਨੀ ਔਰਤਾਂ ਨਾਲ ਅਗਵਾ ਅਤੇ ਜ਼ਬਰ-ਜਿਨਾਹ ਦੀਆਂ ਘਟਨਾਵਾਂ ਦਾ ਵਾਪਰਨਾ ਆਮ ਗੱਲ ਹੈ। ਉਹਨਾਂ ਨੂੰ ਪਸ਼ੂਆਂ ਵਾਂਗ ਵੇਚਿਆ ਅਤੇ ਖ਼੍ਰੀਦਿਆ ਜਾ ਰਿਹਾ ਹੈ। ਪਾਰਲੀਮੈਂਟ ਮੈਂਬਰ ਮਲਾਲਾਇ ਜੋਇਆ ਨੇ ਲੌਸ ਐਂਜਲੈਸ ਵਿੱਚ ਦੱਸਿਆ ਕਿ ਇਕ ਫੌਜੀ ਕਮਾਂਡਰ ਨੇ ਇਕ 11 ਸਾਲਾਂ ਦੀ ਲੜਕੀ ਨੂੰ ਅਗਵਾ ਕਰਕੇ ਪਹਿਲਾਂ ਉਸ ਨਾਲ ਬਲਾਤਕਾਰ ਕੀਤਾ ਅਤੇ ਫਿਰ ਉਸ ਨੂੰ ਇਕ ਕੁੱਤੇ ਦੇ ਵੱਟੇ ਵਟਾ ਲਿਆ। ਕਾਬਲ ਵਰਗੇ ਸ਼ਹਿਰਾਂ ਵਿੱਚ ਜ਼ਿੰਦਾ ਰਹਿਣ ਲਈ ਔਰਤਾਂ ਨੂੰ ਆਪਣਾ ਜਿਸਮ ਵੇਚਣਾ ਪੈ ਰਿਹਾ ਹੈ। ਔਰਤਾਂ ਦੀ ਹਾਲਤ ਏਨੀ ਭੈੜੀ ਹੈ ਕਿ ਉਹ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਆਤਮਹੱਤਿਆਵਾਂ ਕਰ ਰਹੀਆਂ ਹਨ। ਸੰਨ 2006 ਵਿੱਚ ਇਕੱਲੇ ਕੰਧਾਰ ਸ਼ਹਿਰ ਵਿੱਚ ਅੱਠ ਮਹੀਨਿਆਂ ਵਿੱਚ 100 ਦੇ ਕਰੀਬ ਔਰਤਾਂ ਨੇ ਆਪਣੇ ਆਪ ਨੂੰ ਅੱਗ ਲਾ ਕੇ ਜਾਂ ਜ਼ਹਿਰ ਖਾ ਕੇ ਆਤਮਹੱਤਿਆਵਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਸਯੁੰਕਤ ਰਾਸ਼ਟਰ ਦੇ ਔਰਤਾਂ ਦੇ ਵਿਕਾਸ ਲਈ ਸਥਾਪਤ ਫੰਡ ਅਨੁਸਾਰ ਕਾਬਲ ਦੀਆਂ 50,000 ਵਿਧਵਾਵਾਂ ਵਿੱਚੋਂ 65 ਫੀਸਦੀ ਆਤਮਹੱਤਿਆ ਨੂੰ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਰਾਹ ਸਮਝਦੀਆਂ ਹਨ। ਇਹਨਾਂ ਕੁਝ ਤੱਥਾਂ ਤੋਂ ਇਹ ਬਹੁਤ ਸਪਸ਼ਟ ਹੈ ਕਿ ਤਾਲਿਬਾਨਾਂ ਤੋਂ ਬਾਅਦ ਦੇ ਅਫਗਾਨਿਸਤਾਨ ਵਿੱਚ ਵੀ ਔਰਤਾਂ ਦੀ ਸਥਿਤੀ ਵਿੱਚ ਕੋਈ ਬਹੁਤਾ ਫਰਕ ਨਹੀਂ ਪਿਆ।

**ਸਿੱਟਾ:** ਇਹ ਗੱਲ ਬਹੁਤ ਸਪਸ਼ਟ ਹੈ ਕਿ ਅਫਗਾਨਿਸਤਾਨ 'ਤੇ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦਾ ਹਮਲਾ ਨਾ ਤਾਂ ਉੱਥੋਂ ਦਹਿਸ਼ਤਵਾਦ ਦਾ ਖਾਤਮਾ ਕਰ ਸਕਿਆ ਹੈ ਅਤੇ ਨਾ ਹੀ ਲੋਕਤੰਤਰ ਸਥਾਪਤ ਕਰ ਸਕਿਆ ਹੈ ਅਤੇ ਨਾ ਹੀ ਅਫਗਾਨਿਸਤਾਨੀ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਕਰ ਸਕਿਆ ਹੈ। ਇਸ ਕਾਰਨ ਜੇ ਕੋਈ ਤਬਦੀਲੀ ਹੋਈ ਹੈ ਤਾਂ ਉਹ ਇਹ ਹੈ ਕਿ ਅਫਗਾਨਿਸਤਾਨੀ ਲੋਕ ਤਾਲਿਬਾਨਾਂ ਦੇ ਸ਼ਿਕੰਜੇ ਵਿੱਚੋਂ ਨਿਕਲ ਕੇ ਨੌਰਦਰਨ ਅਲਾਇੰਸ ਅਤੇ ਦੂਸਰੇ ਮੁਜਾਹਾਦੀਨ ਗਰੁੱਪਾਂ ਦੇ ਕਮਾਂਡਰਾਂ (ਵਾਰ ਲੌਰਡਜ਼) ਦੇ ਸ਼ਿਕੰਜੇ ਵਿੱਚ ਆ ਫਸੇ ਹਨ। ਅਫਗਾਨਿਸਤਾਨ ਦੇ ਨਵੇਂ ਹਾਕਮ ਮੂਲਵਾਦ, ਲੋਕਤੰਤਰ ਵਿਰੋਧ ਅਤੇ ਔਰਤਾਂ ਦੇ ਹੱਕਾਂ ਦੇ ਵਿਰੋਧ ਵਿੱਚ ਤਾਲਿਬਾਨਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਅਫਗਾਨਿਸਤਾਨ ਦੀ ਸਥਿਤੀ ਤੋਂ ਇਹ ਹੀ ਨਤੀਜਾ ਨਿਕਲਦਾ ਹੈ ਕਿ ਅਫਗਾਨਿਸਤਾਨ ਵਿੱਚ ਅਮਰੀਕਾ ਦੀਆਂ ਨੀਤੀਆਂ ਮੁਕੰਮਲ ਤੌਰ 'ਤੇ ਫੇਲ ਹੋ ਰਹੀਆਂ ਹਨ।

ਫਿਰ ਸਵਾਲ ਉੱਠਦਾ ਹੈ ਕਿ ਅਫਗਾਨਿਸਤਾਨ ਵਿੱਚ ਕੀ ਹੋਣਾ ਚਾਹੀਦਾ ਹੈ? ਅਫਗਾਨਿਸਤਾਨ ਦੇ ਲੋਕਾਂ ਦੀ ਸਥਿਤੀ ਤਾਂ ਹੀ ਬਦਲੇਗੀ ਜੇ ਉੱਥੋਂ ਦੇ ਹਥਿਆਰਬੰਦ ਗਰੁੱਪਾਂ (ਵਾਰ ਲੌਰਡਜ਼) ਨੂੰ ਨਿਰ-ਹਥਿਆਰ ਕੀਤਾ ਜਾਵੇ ਅਤੇ ਅਮਰੀਕਾ ਪੱਖੀ ਅਤੇ ਅਮਰੀਕਾ ਵਿਰੋਧੀ ਦਹਿਸ਼ਤਗਰਦਾਂ ਨੂੰ ਅਫਗਾਨਿਸਤਾਨ ਦੇ ਸਿਆਸੀ ਦ੍ਰਿਸ਼ ਤੋਂ ਲਾਂਭੇ ਕੀਤਾ ਜਾਵੇ। ਹਥਿਆਰਬੰਦ ਗਰੁੱਪਾਂ (ਵਾਰ ਲੌਰਡਜ਼) ਦੀ ਥਾਂ ਲੋਕਤੰਤਰ ਅਤੇ ਇਨਸਾਫ ਲਈ ਕੰਮ ਕਰਦੇ ਅਫਗਾਨਿਸਤਾਨੀ ਲੋਕਾਂ ਨੂੰ ਸਮੱਰਥਨ ਦੇ ਕੇ ਉਹਨਾਂ ਨੂੰ ਤੱਕੜਾ ਕੀਤਾ ਜਾਵੇ ਕਿਉਂਕਿ ਕਿਸੇ ਵੀ ਦੇਸ਼ ਦੇ ਜ਼ਾਲਮ ਹੁਕਮਰਾਨਾਂ ਨੂੰ ਬਦਲਣ ਦਾ ਕਾਰਜ ਸਹੀ ਰੂਪ ਵਿੱਚ ਉਸ ਦੇਸ਼ ਦੇ ਲੋਕ ਹੀ ਕਰ ਸਕਦੇ ਹਨ। ●●●